# ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਸ ਵੈਲਫੇਅਰ ਬੋਰਡ
## 17 ਬੇਜ਼ ਬਿਲਡਿੰਗ ਸੈਕਟਰ 17 ਡੀ, ਚੰਡੀਗੜ੍ਹ
## (0172-2540125)

ਨੰ:ਪਬਕਵਵਬ/2016/ ੧੨ ੫੦ ਮਿਤੀ: ੨੩.11.16

### ਹੁਕਮ

ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ਼ ਇੰਮਪਲਾਇਮੈਂਟ ਐਂਡ ਕੰਡੀਸ਼ਨਜ਼ ਆਫ਼ ਸਰਵਿਸ) ਐਕਟ, 1996 ਅਧੀਨ ਬਣਾਏ ਗਏ ਪੰਜਾਬ ਬਿਲਡਿੰਗ ਐਂਡ ਕੰਸਟਰਕਸ਼ਨ ਵਰਕਰਜ਼ (ਰੈਗੂਲੇਸ਼ਨ ਆਫ਼ ਇੰਮਪਲਾਇਮੈਂਟ ਐਂਡ ਕੰਡੀਸ਼ਨਜ਼ ਆਫ਼ ਸਰਵਿਸ) ਰੂਲਜ਼, 2008 ਦੇ ਰੂਲ 260(4) ਅਧੀਨ ਉਸਾਰੀ ਕਿਰਤੀਆਂ ਦੀ ਲਾਭਪਾਤਰੀ ਵਜੋਂ ਰਜਿਸਟਰੇਸ਼ਨ ਕਰਨ ਲਈ ਬਾਕੀ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਪੰਚਾਇਤ ਸਕੱਤਰਾਂ ਨੂੰ ਵੀ ਇਸ ਦਫ਼ਤਰ ਦੇ ਹੁਕਮ ਨੰ: ਬਕਵਵਬ/2012-13/1351-1364 ਮਿਤੀ 17.4.2013 ਰਾਹੀਂ ਬਤੌਰ ਰਜਿਸਟ੍ਰਿੰਗ ਅਫ਼ਸਰ ਨਿਯੁਕਤ ਕੀਤਾ ਗਿਆ ਸੀ।

ਸਹਾਇਕ ਕਿਰਤ ਕਮਿਸ਼ਨਰ, ਪਟਿਆਲਾ ਵੱਲੋਂ ਕੀਤੀ ਗਈ ਸ਼ਿਕਾਇਤ ਕਿ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ, ਪਟਿਆਲਾ ਵਿਖੇ ਤਾਇਨਾਤ ਪੰਚਾਇਤ ਸਕੱਤਰਾਂ ਵੱਲੋਂ ਉਸਾਰੀ ਕਿਰਤੀਆਂ ਨੂੰ ਬਤੌਰ ਲਾਭਪਾਤਰੀ ਰਜਿਸਟਰ ਕਰਨ ਸਬੰਧੀ ਉਨ੍ਹਾਂ ਪਾਸੋਂ ਪਹਿਚਾਣ ਪੱਤਰਾਂ ਦੀਆਂ ਕਾਪੀਆਂ ਪ੍ਰਾਪਤ ਕਰਕੇ ਉਨ੍ਹਾਂ ਦਾ ਕੋਈ ਹਿਸਾਬ ਕਿਤਾਬ ਨਹੀਂ ਦਿੱਤਾ ਗਿਆ। ਉਨ੍ਹਾਂ ਵੱਲੋਂ ਇਹ ਵੀ ਸੂਚਿਤ ਕੀਤਾ ਗਿਆ ਕਿ ਪਟਿਆਲਾ ਬਲਾਕ ਵਿਖੇ ਤਾਇਨਾਤ ਪੰਚਾਇਤ ਸਕੱਤਰ ਵੱਲੋਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸਮਾਣਾ ਬਲਾਕ ਨਾਲ ਸਬੰਧਤ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਕੀਤੀ ਗਈ ਜੋ ਗੈਰ ਕਾਨੂੰਨੀ ਸੀ। ਪੰਜਾਬ ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਬਾਕੀ ਅਧਿਕਾਰੀਆਂ ਵੱਲੋਂ ਵੀ ਨਾਮਾਤਰ ਕੰਮ ਕੀਤਾ ਗਿਆ ਹੈ।

ਇਸ ਲਈ ਬੋਰਡ ਵੱਲੋਂ ਆਪਣੀ ੪ਵੀਂ ਮੀਟਿੰਗ ਮਿਤੀ ੪.3.2013 ਵਿੱਚ ਲਏ ਗਏ ਫੈਸਲੇ ਮੁਤਾਬਕ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਦੇ ਪੰਚਾਇਤ ਸਕੱਤਰਾਂ ਨੂੰ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਸਬੰਧੀ ਬਤੌਰ ਰਜਿਸਟਰਿੰਗ ਅਫ਼ਸਰ ਦਿੱਤੇ ਗਏ ਅਧਿਕਾਰਾਂ ਨੂੰ ਮੁੜ ਆਪਣੀ 23ਵੀਂ ਮੀਟਿੰਗ ਮਿਤੀ 9.11.2016 ਵਿੱਚ ਵਿਚਾਰਿਆ ਗਿਆ ਅਤੇ ਸਰਵਸੰਮਤੀ ਨਾਲ ਪੰਚਾਇਤ ਸਕੱਤਰਾਂ ਨੂੰ ਉਸਾਰੀ ਕਿਰਤੀਆਂ ਨੂੰ ਰਜਿਸਟਰ ਕਰਨ ਸਬੰਧੀ ਦਿੱਤੇ ਗਏ ਅਧਿਕਾਰਾਂ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਬੋਰਡ ਦੇ ਫੈਸਲੇ ਅਨੁਸਾਰ ਇਸ ਦਫ਼ਤਰ ਦੇ ਪੱਤਰ ਨੰ: ਬਕਵਵਬ/2012-13/1351-1364 ਮਿਤੀ 17.4.2013 ਰਾਹੀਂ ਪੇਂਡੂ ਵਿਕਾਸ ਵਿਭਾਗ ਦੇ ਪੰਚਾਇਤ ਸਕੱਤਰਾਂ ਨੂੰ ਰਜਿਸਟਰੇਸ਼ਨ ਅਫ਼ਸਰਾਂ ਵੱਜੋਂ ਦਿੱਤੇ ਗਏ ਅਧਿਕਾਰ ਖਤਮ ਕੀਤੇ ਜਾਂਦੇ ਹਨ।

**ਇਹ ਹੁੱਕਮ ਤੁਰੰਤ ਲਾਗੂ ਹੋਣਗੇ।**

23/11/16

ਸਕੱਤਰ ਬੋਰਡ

ਪਿਠਅੰਕਣ ਨੰ:ਪਬਕਵਵਬ/2016/ 9241-9247 ਮਿਤੀ: 23.11.16

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਕਿਰਤ ਵਿਭਾਗ, ਚੰਡੀਗੜ੍ਹ।
2. ਪ੍ਰਮੁੱਖ ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਚੰਡੀਗੜ੍ਹ।
3. ਕਿਰਤ ਕਮਿਸ਼ਨਰ, ਪੰਜਾਬ ਚੰਡੀਗੜ੍ਹ।
4. ਵਧੀਕ ਡਾਇਰੈਕਟਰ ਆਫ਼ ਫੈਕਟਰੀਜ਼ ਪੰਜਾਬ-ਕਮ-ਸਲਾਹਕਾਰ ਬੋਰਡ।
5. ਰਾਜ ਦੇ ਸਾਰੇ ਸਹਾਇਕ ਕਿਰਤ ਕਮਿਸ਼ਨਰ ਅਤੇ ਕਿਰਤ ਤੇ ਸੁਲਾਹ ਅਫ਼ਸਰ।
6. ਰਾਜ ਦੇ ਸਾਰੇ ਕਿਰਤ ਇੰਸਪੈਕਟਰ ਗ੍ਰੇਡ-1, ਗ੍ਰੇਡ-2 ਅਤੇ ਐਲ.ਈ.ਓ. ਗ੍ਰੇਡ-2.

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2016/ 9248-9249 ਮਿਤੀ: 23.11.16

ਇਸ ਦਾ ਇਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਾਰੇ ਪੰਚਾਇਤ ਸਕੱਤਰਾਂ ਨੂੰ ਉਪਰੋਕਤ ਹੁਕਮ ਨੋਟ ਕਰਵਾ ਲਏ ਜਾਣ:-

1. ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਫੇਜ਼-8, ਮੁਹਾਲੀ।
2. ਰਾਜ ਦੇ ਸਾਰੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ।

ਡਿਪਟੀ ਸਕੱਤਰ

ਪਿਠਅੰਕਣ ਨੰ:ਪਬਕਵਵਬ/2016/9250 ਮਿਤੀ: 23.11.16

ਇਸ ਦਾ ਇੱਕ ਉਤਾਰਾ ਨਿੱਜੀ ਸਕੱਤਰ ਟੂ ਮੁੱਖ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ ਨੂੰ ਮਾਨਯੋਗ ਮੁੱਖ ਸਕੱਤਰ ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਣਾ ਹੈ।

ਡਿਪਟੀ ਸਕੱਤਰ